# ਬੀ ਸੀ ਫਾਰਮਾਕੇਅਰ

## ਪੈਲੀਏਟਿਵ ਕੇਅਰ ਬੈਨੇਫਿਟਸ (ਪਲੈਨ ਪੀ)

ਬੀ ਸੀ ਦੇ ਪੈਲੀਏਟਿਵ ਕੇਅਰ (ਜ਼ਿੰਦਗੀ ਦੇ ਅੰਤ 'ਤੇ ਸੰਭਾਲ) ਬੈਨੇਫਿਟਸ ਉਹਨਾਂ ਲੋਕਾਂ ਲਈ ਯੋਗ ਦਵਾਈਆਂ, ਮੈਡੀਕਲ ਸਪਲਾਈਆਂ ਅਤੇ ਸਾਜ਼-ਸਾਮਾਨ ਦੇ ਪੂਰੇ ਖਰਚੇ ਅਦਾ ਕਰਦਾ ਹੈ ਜਿਹੜੇ ਜ਼ਿੰਦਗੀ ਦੇ ਅੰਤ 'ਤੇ ਪਹੁੰਚ ਗਏ ਹਨ ਅਤੇ ਉਸ ਥਾਂ 'ਤੇ ਪੈਲੀਏਟਿਵ ਕੇਅਰ ਲੈਣਾ ਚਾਹੁੰਦੇ ਹਨ, ਜਿੱਥੇ ਉਹ ਰਹਿੰਦੇ ਹਨ।

### ਲੈਣ ਲਈ ਯੋਗਤਾ

ਇਹ ਪ੍ਰੋਗਰਾਮ ਬੀ ਸੀ ਦੇ ਕਿਸੇ ਵੀ ਉਮਰ ਦੇ ਵਸਨੀਕਾਂ ਨੂੰ ਕਵਰ ਕਰਦੇ ਹਨ, ਜਿਹੜੇ ਜ਼ਿੰਦਗੀ ਲਈ ਖਤਰੇ ਵਾਲੀ ਬੀਮਾਰੀ ਜਾਂ ਹਾਲਤ ਦੇ ਆਖਰੀ ਪੜਾਅ 'ਤੇ ਪਹੁੰਚ ਗਏ ਹਨ ਅਤੇ ਪੈਲੀਏਟਿਵ ਕੇਅਰ ਲੈਣਾ ਚਾਹੁੰਦੇ ਹਨ ਅਤੇ ਜਿਹੜੇ ਘਰ ਵਿੱਚ, ਪਰਿਵਾਰ ਜਾਂ ਦੋਸਤਾਂ ਨਾਲ, ਸਮਰਥਨ ਵਾਲੀ ਜਾਂ ਮਦਦ ਨਾਲ ਰਹਿਣ ਵਾਲੀ ਰਿਹਾਇਸ਼ ਵਿੱਚ ਜਾਂ ਫਾਰਮਾਕੇਅਰ ਦੀ ਪਲੈਨ ਬੀ (ਲੌਂਗ ਟਰਮ ਕੇਅਰ) **ਨਾਲ ਰਜਿਸਟਰ ਨਾ ਹੋਈ** ਕਿਸੇ ਸੰਭਾਲ ਵਾਲੀ ਥਾਂ (ਇਸ ਥਾਂ ਵਾਲਿਆਂ ਤੋਂ ਪੁੱਛੋ ਕਿ ਕੀ ਉਹ ਫਾਰਮਾਕੇਅਰ ਦੀ ਪਲੈਨ ਬੀ ਨਾਲ ਰਜਿਸਟਰ ਹਨ) ਦੇ ਹੌਸਪੀਸ ਯੂਨਿਟ ਵਿੱਚ ਰਹਿੰਦੇ ਹਨ।

ਹੈਲਥ ਕੈਨੇਡਾ ਦੀ ਨਾਨ-ਇਨਸ਼ੂਅਰਡ ਹੈਲਥ ਬੈਨੇਫਿਟਸ ਜਾਂ ਵੈਟਰਨਜ਼ ਅਫੇਅਰਜ਼ ਕੈਨੇਡਾ ਅਧੀਨ ਕਵਰ ਲੋਕ ਪਲੈਨ ਪੀ ਤੋਂ ਉਹਨਾਂ ਦਵਾਈਆਂ ਲਈ ਕਵਰੇਜ ਲੈ ਸਕਦੇ ਹਨ, ਜਿਹੜੀਆਂ ਦਵਾਈਆਂ ਉਹਨਾਂ ਪ੍ਰੋਗਰਾਮਾਂ ਅਧੀਨ ਕਵਰ ਨਹੀਂ ਹਨ। ਕੈਨੇਡੀਅਨ ਫੋਰਸਜ਼ ਦੇ ਮੈਂਬਰ ਇਸ ਦੇ ਯੋਗ ਨਹੀਂ ਹਨ ਕਿਉਂਕਿ ਉਹ ਆਪਣੇ ਕੰਮ-ਮਾਲਕ ਰਾਹੀਂ ਕਵਰ ਹਨ।

### ਕੀ ਕਵਰ ਹੈ

1. ਪੈਲੀਏਟਿਵ ਕੇਅਰ ਲਈ ਯੋਗ ਦਵਾਈਆਂ — ਪੈਲੀਏਟਿਵ ਕੇਅਰ ਵਿੱਚ ਵਰਤੀਆਂ ਜਾਂਦੀਆਂ ਡਾਕਟਰ ਵਲੋਂ ਲਿਖ ਕੇ ਦਿੱਤੀਆਂ ਅਤੇ ਡਾਕਟਰ ਦੀ ਪਰਚੀ ਤੋਂ ਬਿਨਾਂ ਮਿਲਣ ਵਾਲੀਆਂ ਦਵਾਈਆਂ
2. ਆਈ ਵੀ, ਜ਼ਖਮਾਂ ਦੀ ਸੰਭਾਲ ਅਤੇ ਪੇਸ਼ਾਬ ਲੀਕ ਹੋਣ ਨਾਲ ਸੰਬੰਧਿਤ ਸਪਲਾਈਆਂ, ਨਹਾਉਣ ਵਿੱਚ ਮਦਦ ਕਰਨ ਵਾਲੀਆਂ ਚੀਜ਼ਾਂ, ਤੁਰਨ-ਫਿਰਨ 'ਚ ਮਦਦ ਕਰਨ ਵਾਲੀਆਂ ਚੀਜ਼ਾਂ ਅਤੇ ਹਸਪਤਾਲ ਦੇ ਬੈੱਡ। ਹੋਮ ਅਤੇ ਕਮਿਊਨਿਟੀ ਸੰਭਾਲ ਨਾਲ ਸੰਬੰਧਿਤ ਟੀਮ ਤੁਹਾਡੀਆਂ ਲੋੜਾਂ ਦਾ ਮੁੱਲਾਂਕਣ ਕਰੇਗੀ।

### ਪੈਲੀਏਟਿਵ ਕੇਅਰ ਦੇ ਬੈਨੇਫਿਟਸ ਕਿਵੇਂ ਲਏ ਜਾ ਸਕਦੇ ਹਨ

ਆਪਣੇ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਨੂੰ ਪੁੱਛੋ ਕਿ ਕੀ ਤੁਸੀਂ ਇਹ ਲੈਣ ਦੇ ਯੋਗ ਹੋ। ਜੇ ਤੁਸੀਂ ਯੋਗ ਹੋਵੋ ਤਾਂ ਉਹ ਰਜਿਸਟਰ ਹੋਣ ਲਈ ਫਾਰਮ ਦਾਖਲ ਕਰ ਸਕਦੇ ਹਨ। ਫਾਰਮ ਦਾਖਲ ਕਰਨ ਤੋਂ ਬਾਅਦ 24 ਘੰਟਿਆਂ ਦੇ ਅੰਦਰ ਅੰਦਰ:

- ਤੁਸੀਂ ਪੈਲੀਏਟਿਵ ਕੇਅਰ ਲਈ ਦਵਾਈਆਂ ਬੀ ਸੀ ਦੀ ਕਿਸੇ ਵੀ ਫਾਰਮੇਸੀ ਤੋਂ ਮੁਫਤ ਲੈ ਸਕਦੇ ਹੋ। ਤੁਹਾਡੀ ਥਾਂ ਕੋਈ ਸੰਭਾਲ ਕਰਨ ਵਾਲਾ ਇਹਨਾਂ ਨੂੰ ਲੈਣ ਜਾ ਸਕਦਾ ਹੈ।
- ਸਾਜ਼-ਸਾਮਾਨ ਦੀ ਲੋੜ ਬਾਰੇ ਫੈਸਲਾ ਕਰਨ ਲਈ ਘਰ ਵਿੱਚ ਮੁੱਲਾਂਕਣ ਕਰਨ ਲਈ ਤੁਹਾਡੀ ਸਥਾਨਕ ਹੈਲਥ ਅਥਾਰਟੀ ਦੀ ਹੋਮ ਐਂਡ ਕਮਿਊਨਿਟੀ ਕੇਅਰ ਟੀਮ ਤੁਹਾਡੇ ਨਾਲ ਸੰਪਰਕ ਕਰੇਗੀ।

### ਹੋਰ ਜਾਣਕਾਰੀ ਲਈ

ਸਾਨੂੰ ਸੋਮਵਾਰ ਤੋਂ ਸ਼ੁੱਕਰਵਾਰ ਤੱਕ ਸਵੇਰ ਦੇ 8 ਵਜੇ ਤੋਂ ਲੈ ਕੇ ਰਾਤ ਦੇ 8 ਵਜੇ ਤੱਕ ਅਤੇ ਸਨਿੱਚਰਵਾਰ ਨੂੰ ਸਵੇਰ ਦੇ 8 ਵਜੇ ਤੋਂ ਸ਼ਾਮ ਦੇ 4 ਵਜੇ ਤੱਕ ਫੋਨ ਕਰੋ

- ਲੋਅਰ ਮੇਨਲੈਂਡ ਤੋਂ: 604 683-7151
- ਬਾਕੀ ਬੀ ਸੀ ਤੋਂ, ਮੁਫਤ: 1 800 663-7100

ਮੈਡੀਕਲ ਸਪਲਾਈਆਂ ਅਤੇ ਸਾਜ਼-ਸਾਮਾਨ ਬਾਰੇ ਹੋਰ ਜਾਣਕਾਰੀ ਲਈ ਆਪਣੀ ਹੈਲਥ ਅਥਾਰਟੀ ਦੇ ਹੋਮ ਐਂਡ ਕਮਿਊਨਿਟੀ ਕੇਅਰ ਆਫਿਸ ਨਾਲ ਸੰਪਰਕ ਕਰੋ ਜਾਂ 811 'ਤੇ ਕਾਲ ਕਰੋ.

### ਆਨਲਾਈਨ ਵਸੀਲੇ

ਪੈਲੀਏਟਿਵ ਕੇਅਰ ਦੀਆਂ ਦਵਾਈਆਂ ਦੀ ਲਿਸਟ: www.gov.bc.ca/pharmacare/planp

ਪੈਲੀਏਟਿਵ ਕੇਅਰ ਲਈ ਰਜਿਸਟਰ ਹੋਣ ਦਾ ਫਾਰਮ: www.gov.bc.ca/assets/gov/health/forms/349fil.pdf

ਬੀ ਸੀ ਵਿੱਚ ਹੈਲਥ ਅਥਾਰਟੀਆਂ: www.gov.bc.ca/healthauthorities